BANK OF CANADA

ਤੁਰੰਤ ਜਾਰੀ ਕੀਤੇ ਜਾਣ ਲਈ
15 ਨਵੰਬਰ 2006

ਸੰਪਰਕ: Christian Vezeau
613 782-8782

# Bank of Canada ਨੇ $5 ਦਾ ਸੋਧਿਆ ਹੋਇਆ ਬੈਂਕ ਨੋਟ ਜਾਰੀ ਕੀਤਾ

**ਔਟਵਾ** — ਕੈਨੇਡਾ ਦੇ ਬੈਂਕ ਨੋਟਾਂ ਦੀ ਸੁਰੱਖਿਆ ਸੁਧਾਰਨ ਲਈ ਅੱਜ Bank of Canada (ਬੈਂਕ ਆਫ਼ ਕੈਨੇਡਾ) ਨੇ ਨਵੀਨਤਮ ਸੁਰੱਖਿਆਤਮਕ ਖੂਬੀਆਂ ਵਾਲਾ $5 ਦਾ ਇੱਕ ਨਵਾਂ ਨੋਟ ਬਾਜ਼ਾਰ ਵਿੱਚ ਲਿਆਂਦਾ। ਇਹ ਨੋਟ ਅਗਲੇ ਕੁੱਝ ਹਫ਼ਤਿਆਂ ਵਿੱਚ ਹੀ ਕੈਨੇਡਾ ਭਰ ਵਿੱਚ ਉਪਲਬਧ ਹੋਵੇਗਾ।

ਇਸ ਨੋਟ ਦਾ ਡਿਜ਼ਾਈਨ, ਰੰਗ ਅਤੇ ਚਿਤਰ ਬੁਨਿਆਦੀ ਤੌਰ ਤੇ $5 ਦੇ ਪਹਿਲਾਂ ਜਾਰੀ ਕੀਤੇ ਗਏ *Canadian Journey* (*ਕੈਨੇਡੀਅਨ ਜਰਨੀ*) ਲੜੀ ਦੇ ਨੋਟਾਂ ਵਰਗੇ ਹੀ ਹੋਣਗੇ।

ਸੋਧੇ ਹੋਏ $5 ਦੇ ਨੋਟ ਵਿੱਚ *ਕੈਨੇਡੀਅਨ ਜਰਨੀ* ਲੜੀ ਦੇ ਬਾਕੀ ਸਾਰੇ ਨੋਟਾਂ ਵਿੱਚ ਮੌਜੂਦ, ਅਤੇ ਹੁਣ ਤਕ ਜਾਣੀਆਂ-ਪਹਿਚਾਣੀਆਂ ਹੋ ਚੁੱਕੀਆਂ, ਖੂਬੀਆਂ ਸ਼ਾਮਲ ਹਨ। ਇਨ੍ਹਾਂ ਖੂਬੀਆਂ ਵਿੱਚ ਸ਼ਾਮਲ ਹਨ ਧਾਤ ਦੀ ਇੱਕ ਚਮਕਦਾਰ ਪੱਟੀ, ਇੱਕ ਵਾਟਰਮਾਰਕ ਚਿਤਰ, ਕਾਗਜ਼ ਵਿੱਚ ਬੁਣਤੀ ਕੀਤਾ ਗਿਆ ਰੰਗ ਬਦਲਣ ਵਾਲਾ ਇੱਕ ਡੱਬੀਦਾਰ ਧਾਗਾ, ਅਤੇ ਇੱਕ ਪਾਰਦਰਸ਼ੀ ਅੰਕ। ਹੰਢਣਸਾਰਤਾ ਵਧਾਉਣ ਲਈ $5 ਦੇ ਨੋਟ ਨੂੰ ਥੋੜੇ ਭਾਰੀ ਕਾਗਜ਼ ਤੇ ਛਾਪਿਆ ਗਿਆ ਹੈ ਅਤੇ ਇਸ ਉੱਤੇ ਇੱਕ ਸੁਰੱਖਿਆਤਮਕ ਵਾਰਨਿਸ਼ ਕੀਤੀ ਗਈ ਹੈ।

"$5 ਦੇ ਨੋਟ ਉੱਤੇ ਮੌਜੂਦ ਉੱਚੇ ਪੱਧਰ ਦੀ ਸੁਰੱਖਿਆ ਕਾਰਣ ਇਸ ਦੀ ਨਕਲ ਪਹਿਲਾਂ ਨਾਲੋਂ ਕਿਤੇ ਵਧੇਰੇ ਔਖੀ ਹੋ ਜਾਵੇਗੀ," ਆਰ.ਸੀ.ਐੱਮ.ਪੀ. ਦੇ ਇੰਸਪੈਕਟਰ ਬੈਰੀ ਬੈਕਸਟਰ, ਆਫ਼ੀਸਰ ਇਨ ਚਾਰਜ, ਕਾਊਂਟਰਫੀਟ ਐਂਡ ਆਈਡੈਂਟਿਟੀ ਫਰਾਡ, ਨੇ ਕਿਹਾ। "ਫਿਰ ਵੀ, ਇਹ ਗੱਲ ਅਹਿਮ ਹੈ ਕਿ ਕੈਨੇਡਾ ਵਾਸੀ ਆਪਣੇ ਨੋਟਾਂ ਦੀ ਜਾਂਚ ਕਰਨ। ਨਾ ਸਿਰਫ਼ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ, ਪਰ ਮੁਜ਼ਰਮਾਂ ਲਈ ਨਕਲੀ ਨੋਟ ਚਲਾਉਣਾ ਔਖਾ ਕਰਨ ਵਾਸਤੇ ਵੀ।"

ਕੈਨੇਡਾ ਦੇ ਬੈਂਕ ਨੋਟਾਂ ਅਤੇ ਉਨ੍ਹਾਂ ਦੀਆਂ ਸੁਰੱਖਿਆਤਮ ਖੂਬੀਆਂ ਬਾਰੇ ਵਧੇਰੇ ਜਾਣਕਾਰੀ ਲਈ, ਅਤੇ ਵਿੱਦਿਅਕ ਅਤੇ ਸਿਖਲਾਈ ਸਮੱਗਰੀ ਲਈ, ਕਿਰਪਾ ਕਰ ਕੇ www.bankofcanada.ca/en/banknotes ਵੈੱਬਸਾਈਟ ਵੇਖੋ।

**ਸੰਪਾਦਕਾਂ ਲਈ ਨੋਟ:**

- ਸੋਧੇ ਹੋਏ $5 ਦੇ ਨੋਟ ਦੇ ਅਗਲੇ ਅਤੇ ਪਿਛਲੇ ਹਿੱਸੇ ਦੀਆਂ ਤਸਵੀਰਾਂ ਬੇਨਤੀ ਕਰਨ ਤੇ ਮੀਡੀਆ ਲਈ ਉਪਲਬਧ ਹਨ। ਕੋਈ ਵੀ ਵਿਅਕਤੀ ਜੋ ਬੈਂਕ ਨੋਟਾਂ ਦੀਆਂ ਤਸਵੀਰਾਂ ਪ੍ਰਕਾਸ਼ਿਤ ਕਰਨਾ ਚਾਹੁੰਦਾ ਹੈ, ਨੂੰ ਪਹਿਲਾਂ Bank of Canada (www.bankofcanada.ca/en/banknotes/legislation/repro.html) ਤੋਂ ਲਿਖ਼ਤੀ ਇਜਾਜ਼ਤ ਲੈਣੀ ਪਵੇਗੀ।